
# ਵਿਦਰੋਹ ਦੀ ਟਿਮਟਿਮਾਂਦੀ ਲਾਟ - ਸ. ਸਵਰਨ ਸਿੰਘ

## (1887–20 ਜੁਲਾਈ 1910)

ਮਲਵਿੰਦਰ ਜੀਤ ਸਿੰਘ ਵੜੈਚ

"ਤਪਦਿਕ ਦੇ ਅੰਤਲੇ ਪੜਾਓ ਵਿੱਚ ਹੋਣ ਕਰਕੇ ਸਵਰਨ ਸਿੰਘ ਤੇ ਮੁਕਦਮਾ ਨਹੀਂ ਚਲਾਇਆ ਜਾ ਰਿਹਾ" (ਪੰਜਾਬ ਸਰਕਾਰ: 12.4.1910)

ਸ. ਕਿਸ਼ਨ ਸਿੰਘ ਨੇ ਮਸ-ਫੁਟ ਭਗਤ ਸਿੰਘ ਨੂੰ ਤਾਹਨਾ ਮਾਰਦਿਆਂ ਕਿਹਾ ਸੀ ਕਿ "ਤੂੰ ਅਜੀਤ ਸਿੰਘ ਦਾ ਭਤੀਜਾ ਅਤੇ ਕਿਸ਼ਨ ਸਿੰਘ ਦਾ ਪੁੱਤਰ ਹੋਣ ਕਰਕੇ ਸ਼ਾਇਦ ਇਹ ਭਰਮ ਪਾਲੀ ਬੈਠਾ ਏਂ ਕਿ ਤੂੰ ਵੀ ਕੋਈ ਚੀਜ਼ ਹੈਂ ਜਿਸ ਕਰਕੇ ਤੂੰ ਘਰ ਛੱਡਣ ਦੀਆਂ ਗੱਲਾਂ ਕਰ ਰਿਹੈਂ।"



S. Swaran Singh
[1887-20.07.1910]

ਵੇਖੋ ਸਮੇਂ ਦਾ ਗੇੜ, ਅੱਜ ਦੇ ਦਿਨ ਉਸ ਪਿਤਾ ਤੇ ਚਾਚਿਆਂ ਦੀ ਪਹਿਚਾਨ ਦਾ ਚਿੰਨ੍ਹ ਉਹਨਾਂ ਦਾ ਉਹੀ ਬਰਖੁਰਦਾਰ ਹੈ; ਸ. ਕਿਸ਼ਨ ਸਿੰਘ ਦਾ ਆਪਣਾ ਤੇ ਸ. ਅਜੀਤ ਸਿੰਘ ਦਾ ਹੀ ਜ਼ਿਕਰ ਕਰਨਾ ਸੁਭਾਵਿਕ ਹੀ ਸੀ, ਕਿਉਂਕਿ ਸ. ਸਵਰਨ ਸਿੰਘ ਤਾਂ ਭਗਤ ਸਿੰਘ ਦੇ ਹੋਸ਼ ਸੰਭਲਣ ਤੋਂ ਕਿਤੇ ਪਹਿਲਾਂ ਸਦਾ ਲਈ ਅਲੋਪ ਹੋ ਚੁਕਾ ਸੀ।

ਇਸ ਦੇ ਬਾਵਜੂਦ ਬਾਲੜੇ ਭਗਤ ਸਿੰਘ ਦੀ ਚੇਤਨਾ ਤੇ ਇਸ ਨੌਜਵਾਨ ਚਾਚੇ ਦੇ ਵਿਯੋਗ ਦਾ ਕਿੱਡਾ ਵੱਡਾ ਸੱਲ੍ਹ ਸੀ, 24 ਅਕਤੂਬਰ 1921 ਦੀ ਤਰੀਕੇ ਛੋਟੀ ਚਾਚੀ ਨੂੰ ਗੁਰਮੁੱਖੀ ਵਿੱਚ ਲਿਖਿਆ ਖਤ ਉਸ ਦੀ ਮੂੰਹ ਬੋਲਦੀ ਤਸਵੀਰ ਹੈ:

"ਲਾਹੌਰ

ਮੇਰੀ ਪਯਾਰੀ ਚਾਚੀ ਜੀ,

ਨਮਸਤੇ। ਮੈਂ ਜਲਸਾ ਦੇਖਣ ਵਾਸਤੇ ਲਾਯਲਪੁਰ ਗਿਆ ਸੀ, ਮੈਂ ਪਿੰਡ (ਬੰਗਾ) ਨੂੰ ਆਵਨਾ ਸੀ ਪਰ ਬਾਪੂ ਜੀ ਨੇ ਰੋਕ ਦਿਤਾ ਸੀ, ਇਸ ਕਰਕੇ ਮੈਂ ਪਿੰਡ ਨੂੰ ਨਾ ਆਇਆ ਸੀ, ਮੈਨੂੰ ਮਾਫ਼ ਕਰਨਾ ਜੇ ਕੋਈ ਭੁਲ ਹੋ ਗਈ ਹੋਵੇ। ਚਾਚੇ ਹੋਰਾਂ ਦੀ ਤਸਵੀਰ ਬਣ ਗਈ ਹੈ ਮੈਂ ਨਾਲ ਹੀ ਲੈ ਆਵਨੀ ਸੀ ਪਰ ਉਦੋਂ ਅਜੇ ਬਣੀ ਨਾ ਸੀ। ਇਸ ਕਰਕੇ ਮੁਆਫ ਕਰਨਾ। ਜਵਾਬ ਜਲਦੀ ਦੇਣਾ, ਵੱਡੀ ਚਾਚੀ ਜੀ ਨੂੰ ਮੱਥਾ ਟੇਕਨਾ - ਮਾਤਾ ਜੀ ਨੂੰ ਵੀ ਮੱਥਾ ਟੇਕਨਾ। ਕੁਲਬੀਰ ਅਤੇ ਕੁਲਤਾਰ ਨੂੰ ਨਮਸਤੇ।

ਆਪ ਦਾ ਪੁਤ,
ਭਗਤ ਸਿੰਘ।"

ਭਗਤ ਸਿੰਘ ਦਾ ਚਾਚੇ ਦੀ ਫੋਟੋ ਨਾਲ ਮੋਹ ਤੇ ਉਸ ਉਮਰੇ ਫੋਟੋ ਬਣਵਾਕੇ ਚਾਚੀ ਨੂੰ ਦੇਣ ਦੀ ਤਾਂਘ ਬਹੁਤ ਡੂੰਘੀਆਂ ਤੇ ਸੂਖਮ ਭਾਵਨਾਵਾਂ ਦੀ ਪ੍ਰਤੀਕ ਹੈ।

'ਦਿਲ ਭਾਵੇਂ ਦਰਿਆਉਂ ਡੂੰਘਾ' ਹੁੰਦਾ ਹੈ, ਪਰ ਕਿਸੇ ਨਾਲ ਕਿਸੇ ਤਰ੍ਹਾਂ, ਇਸ ਚਾਚੀ ਦੇ ਵਿਆਹ ਦੇ ਸਾਲ ਡੇਢ ਅੰਦਰ ਹੀ ਸਿਰ ਦੇ ਸਾਈਂ ਦੇ ਵਿਛੋੜੇ ਪਿੱਛੋਂ ਸ਼ਾਇਦ..., 21 ਸਾਲ ਭਗਤ ਸਿੰਘ ਨੂੰ ਪਿਆਰਦਿਆਂ-ਦੁਲਾਰਦਿਆਂ ਗੁਜਾਰੇ ਹੋਣਗੇ ਤੇ ਫੇਰ 35 ਸਾਲ ਹੋਰ ਇਹਨਾਂ ਖੱਟੀਆਂ-ਮਿੱਠੀਆਂ ਯਾਦਾਂ ਸਹਾਰੇ ਕੱਟੇ ਹੋਣਗੇ।

ਅੱਜ ਪਿਛਲ ਝਾਤ ਮਾਰਦਿਆਂ ਮੈਨੂੰ (ਲੇਖਕ ਨੂੰ) ਪਹਿਲੀ ਜਨਵਰੀ 1965 ਨੂੰ ਇਨ੍ਹਾਂ, ਚਾਚੀ ਜੀ ਅਤੇ ਬੇਬੇ ਜੀ ਨਾਲ ਬੈਠ ਕੇ ਮਨੋਜ ਕੁਮਾਰ ਦੀ 'ਸ਼ਹੀਦ' ਫਿਲਮ ਲੁਧਿਆਣਾ ਸ਼ਹਿਰ ਦੇ ਸਿਨਮੇ ਘਰ ਵਿੱਚ ਵੇਖਣ ਦਾ ਜ ਸੁਭਾਗ ਪ੍ਰਾਪਤ ਹੋਇਆ ਸੀ, ਉਹ ਨੂੰ ਯਾਦ ਕਰਦਿਆਂ ਕਈ ਤਰ੍ਹਾਂ ਦੇ ਵਿਚਾਰ, ਭਾਵਨਾਵਾਂ ਦਾ ਝੁਰਮਟ ਜਿਹਾ ਪੈ ਜਾਂਦਾ ਹੈ - ਪਰ ਵਾਰ-ਵਾਰ ਜਿਹੜਾ ਸਵਾਲ ਸੁਝਦਾ ਹੈ ਕਿ ਕੀ ਕੋਈ ਚਿੰਤਕ ਫ਼ਿਲਮ ਦੌਰਾਨ ਚਾਚੀ ਜੀ ਦੇ ਮਨ ਵਿਚ ਉਸਲਵਟੇ ਭੰਨਦੇ ਜਜ਼ਬਾਤ ਦੀ ਥਾਹ ਪਾ ਸਕਦਾ ਹੈ। ਬੇਸ਼ਕ, ਇਹ ਸਵਾਲ ਬੇਬੇ ਜੀ ਦੇ ਪ੍ਰਸੰਗ ਵਿੱਚ ਵੀ ਕੀਤਾ ਜਾ ਸਕਦੈ, ਪਰ ਚੂੰਕਿ ਉਹਨਾਂ ਨੇ ਕਈ ਵਾਰੀ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਬੇਟੇ ਬਾਰੇ, ਉਹਦੇ ਕਾਰਨਾਮਿਆਂ ਤੇ ਬਲੀਦਾਨ ਬਾਰੇ ਗੱਲਾਂ-ਬਾਤਾਂ ਕੀਤੀਆਂ ਸਨ, ਇਸ ਲਈ ਇਥੇ ਐਨਾ ਵੱਡਾ ਖਲਾਅ ਨਹੀਂ ਭਾਸਦਾ। ਵੈਸੇ ਫਿਲਮ ਦੇਖਣ ਤੋਂ ਅਗਲੇ ਦਿਨ ਜਗਰਾਉ ਪੁਲ ਤੋਂ ਕੁਝ ਕੁ ਅੱਗੇ ਜਾਕੇ ਇੱਕ ਪੁਰਾਣੀ ਹਵੇਲੀਨੁਮਾ ਇਮਾਰਤ ਵਿੱਚ ਸਥਿਤ ਹੋਟਲ, ਜਿੱਥੇ ਉਹ ਠਹਿਰੇ ਹੋਏ ਸਨ, ਕੁਝ ਵਕਤ ਉਹਨਾਂ ਪਾਸ ਬਿਤਾਇਆ ਸੀ, ਪਰ ਜਿੱਥੇ ਤੱਕ ਮੈਨੂੰ ਯਾਦ ਹੈ, ਚਾਚੀ ਜੀ 'ਹੂੰ, ਹਾਂ' ਤੋਂ ਵੱਧ ਕੁਝ ਨਹੀਂ ਸੀ ਕਿਹਾ।

ਖੁਸ਼ਕਿਸਮਤੀ ਨਾਲ ਚਾਚੀ ਜੀ ਦੇ ਲਾਡਲੇ ਬਰਖ਼ੁਰਦਾਰ ਕੁਲਤਾਰ ਸਿੰਘ (ਭਗਤ ਸਿੰਘ ਦੇ ਛੋਟੇ ਵੀਰ) ਜੀ ਦੀ ਬੇਟੀ ਬੀਬਾ ਵੀਰੇਂਦਰ ਸੰਧੂ ਨੇ ਆਪਣੀ ਨਾਮੀ ਰਚਨਾ "ਯੁਗ ਪੁਰਸ਼ ਭਗਤ ਸਿੰਘ ਤੇ ਉਨ੍ਹਾਂ ਦੇ ਬਜੁਰਗ" ਵਿਚ ਇੱਕ ਅਧਿਆਏ ਸ. ਸਵਰਨ ਸਿੰਘ ਤੇ ਇੱਕ ਚਾਚੀ ਹੁਕਮ ਕੌਰ ਜੀ ਤੇ ਲਿਖਿਆ ਹੋਇਆ ਹੈ। ਸ਼ਾਇਦ ਹੀ ਕਿਸੇ ਹੋਰ ਨੇ ਅਜੇਹਾ ਉਪਰਾਲਾ ਕੀਤਾ ਹੋਵੇ।

ਸ. ਸਵਰਨ ਸਿੰਘ ਬਾਰੇ ਕੋਈ ਸਰਸਰੀ ਜਿਹਾ ਲੇਖ ਵੀ ਨਜ਼ਰ ਨਹੀਂ ਆ ਰਿਹਾ, ਜਿਸ ਕੋਤਾਹੀ ਲਈ ਮੇਰੇ ਸਮਤ ਅਸੀਂ ਸਾਰੇ ਜਵਾਬਦਾਰ ਹਾਂ। ਜਿੱਥੇ ਉਹਨਾਂ ਦੇ ਭਤੀਜੇ ਦੀ ਸ਼ਹੀਦੀ ਤੇ ਜਨਮ ਦੀਆਂ ਜੁਬਲੀਆਂ-ਸ਼ਤਾਬਦੀਆਂ ਦੀ ਚਰਚਾ ਉਤਸਵ ਤੋਂ ਕਿੰਨੀ ਚਿਰ ਪਹਿਲਾਂ ਸ਼ੁਰੂ ਹੋਕੇ, ਬਾਦ ਤੱਕ ਚਲਦੀ ਹੈ, ਉੱਥੇ ਉਹਦੇ ਨੌਜਵਾਨ ਬਲੀਦਾਨੀ ਚਾਚੇ ਦੇ ਅੰਤਮ ਵਿਛੋੜੇ ਦੀ ਸ਼ਤਾਬਦੀ ਮੁਸ਼ਕਲ ਨਾਲ ਹੀ ਹਾਸ਼ੀਏ ਦਾ ਕਾਲਮ ਹੀ ਰਹਿ ਗਿਆ ਲਗਦਾ ਹੈ। ਹੋਰ ਤੇ ਹੋਰ, ਉਹਨਾਂ ਦੇ ਅੰਤਮ ਵਿਛੋੜੇ ਦੀ ਤਰੀਕ ਤਾਂ ਕਿਤੇ ਰਹੀ, ਮਹੀਨੇ ਦੀ ਟੋਹ ਲਾਉਣ ਵਿਚ ਕਾਫ਼ੀ ਰੁਕਾਵਟਾਂ ਆਈਆਂ ਹਨ। ਇਹ ਸਭ ਕੁਝ ਇਸਦੇ ਬਾਵਜੂਦ ਕਿ ਨੰਨ੍ਹੇ-ਮੁੰਨ੍ਹੇ ਭਗਤ ਸਿੰਘ ਦੇ ਮਨ ਤੇ ਚਾਚੀਆਂ ਦੇ ਆਪਣੇ-ਆਪਣੇ ਪਤੀਆਂ ਦੇ ਵਿਯੋਗ ਦੀ ਪੀੜਾ ਦਾ ਨਾ ਮਿਟ ਸਕਣ ਵਾਲਾ ਪ੍ਰਭਾਵ ਉਹਦੇ ਜੀਵਨ ਪੰਧ ਦੀ ਚਾਲਕ ਸ਼ਕਤੀ ਹੋ ਨਿਬੜਿਆ ਸੀ।

ਵੀਰੇਂਦਰ ਅਨੁਸਾਰ, "ਬਾਪ ਜਾਗਰਿਤੀ ਦੀ ਕ੍ਰਾਂਤੀ ਦਾ ਆਗੂ, ਵੱਡਾ ਭਾਈ ਲੋਕਮਾਨਯ ਤਿਲਕ ਦੀ ਰਾਜ ਧਰੋਹੀ ਰਾਜਨੀਤੀ ਦਾ ਪ੍ਰਤੀਕ, ਅਤੇ ਵਿਚਕਾਰਲਾ ਭਾਈ 'ਪਗੜੀ ਸੰਭਾਲ ਓਏ ਜੱਟਾ' ਦੇ ਰੂਪ ਵਿਚ ਉਤਰ ਭਾਰਤ ਦੀ ਜਨਸ਼ਕਤੀ ਦਾ ਰਾਹ ਦਸੇਰਾ, ਘਰ ਵਿਚ ਹਰ ਸਮੇਂ ਰਾਜਨੀਤੀ ਦੀ ਚਰਚਾ, ਗ਼ਦਰ ਮਚਾਉਣ ਲਈ ਜੋੜ-ਤੋੜ। ਅੰਗਰੇਜ਼ਾਂ ਨੂੰ ਮਾਰ ਭਜਾਉਣ ਦੇ ਮਨਸੂਬੇ! ਇਹਨਾਂ ਹਾਲਾਤਾਂ ਵਿੱਚ ਛੋਟੇ ਭਾਈ ਸਵਰਨ ਸਿੰਘ ਦਾ 16-17 ਸਾਲ ਦੀ ਉਮਰੇ ਹੀ ਰਾਜ ਪਲਟੇ ਦੇ ਸੁਫ਼ਨੇ ਲੈਣ ਲੱਗ ਪੈਣਾ ਕੋਈ ਅਲੋਕਾਰੀ ਵਰਤਾਰਾ ਨਹੀਂ ਕਿਹਾ ਜਾ ਸਕਦਾ।"

ਪਰ ਰਾਜ ਪਲਟੇ ਦੀ ਪ੍ਰਚਲਤ ਪਰੰਪਰਾ ਤੋਂ ਹੱਟ ਕੇ ਸਵਰਨ ਸਿੰਘ ਦੀਆਂ ਰਾਜਸੀ ਸਰਗਰਮੀਆਂ ਦੀ ਸ਼ੁਰੂਆਤ ਹੋਈ 1904-05 ਦੌਰਾਨ, ਜਦੋਂ ਰਾਜਪੂਤਾਨਾ/ਰਾਜਸਥਾਨ ਦੇ ਭਿਅੰਕਰ ਕਾਲ ਵੇਲੇ ਜਿੱਥੇ ਵੱਡੇ ਭਰਾ ਕਿਸ਼ਨ ਸਿੰਘ ਨਾਲ ਜੋ ਭੁਖੀ ਮਰਦੀ ਲੋਕਾਈ ਲਈ ਅਨਾਜ-ਰੋਟੀ, ਕਪੜੇ ਦਾ ਪ੍ਰਬੰਧ, ਬੀਮਾਰਾਂ ਦੇ ਦਵਾ ਦਾਰੂ ਵਿਚ ਜੁਟੇ ਹੋਏ ਸਨ ਅਤੇ ਯਤੀਮ ਹੋਏ ਬੱਚਿਆਂ ਨੂੰ ਕੈਂਪ ਵਿਚ ਲੈ ਆਉਣ ਦਾ ਪ੍ਰਬੰਧ ਵੀ ਕਰ ਰਹੇ ਸਨ। ਕਾਲ ਪਿਛੋਂ

ਇਹਨਾਂ ਬੱਚਿਆ ਲਈ ਲਾਹੌਰ ਵਿੱਚ ਯਤੀਮਖਾਨਾ ਸਥਾਪਤ ਕੀਤਾ ਗਿਆ। ਇਸ ਦੀ ਮੁੱਖ ਜੁੰਮੇਵਾਰੀ ਸਵਰਨ ਸਿੰਘ ਨੇ ਨਿਭਾਈ। ਇਹ ਯਤੀਮਖਾਨਾ ਉਹੀ ਸੰਸਥਾ ਸੀ, ਜਿੱਥੇ ਪਲੇ ਹੋਏ ਯੁਵਕਾਂ ਵਿੱਚੋਂ ਹੀ 1919 ਦੇ ਰੋਲਟ ਐਕਟ ਵਿਰੋਧੀ ਅੰਦੋਲਨ ਵਿਚ ਇੱਕ ਖੁਸ਼ੀ ਰਾਮ ਵੀ ਸੀ, ਜਿਸਦੀ ਅਦੁਤੀ ਸ਼ਹੀਦੀ ਦੀ ਉਸਤਤ (ਸ਼ਹੀਦ) ਭਗਤ ਸਿੰਘ ਨੇ 'ਚਾਂਦ' ਦੇ ਫਾਂਸੀ ਅੰਕ ਵਿਚ ਉਸਦੇ ਰੇਖਾ ਚਿੱਤਰ ਦੇ ਰੂਪ ਵਿਚ ਕੀਤੀ ਹੋਈ ਹੈ।

ਰਾਜਸੀ ਸਰਗਰਮੀਆਂ ਵਿੱਚ ਸਵਰਨ ਸਿੰਘ ਦੀ ਸ਼ੁਰੂਆਤ ਹੁੰਦੀ ਹੈ 1907 ਦੀ 'ਪਗੜੀ ਸੰਭਾਲ ਜੱਟਾ' ਦੇ ਸ਼ਿਖਰਲੇ ਦੌਰ ਤੋਂ ਜਦੋਂ ਸ. ਕਿਸ਼ਨ ਸਿੰਘ ਫਰਾਰ ਹੋ ਕੇ ਨੇਪਾਲ ਚਲੇ ਗਏ ਸੀ ਤੇ ਸ. ਅਜੀਤ ਸਿੰਘ ਗ੍ਰਿਫਤਾਰ ਹੋ ਕੇ ਮਾਡਲੇ – ਬਰਮਾ ਵਿਚ ਨਜ਼ਰਬੰਦ ਸਨ। ਕੁਮਾਰੀ ਵੀਰੇਂਦਰ ਅਨੁਸਾਰ, "ਸ. ਸਵਰਨ ਸਿੰਘ ਨੇ ਇਸ ਤਹਿਰੀਕ ਨੂੰ ਵਿਆਪਕ ਰੂਪ ਦੇਣ ਲਈ ਚੁਪਚਾਪ ਪਿੰਡ-ਪਿੰਡ ਦੇ ਚੱਕਰ ਕੱਟੇ ਸਨ, ਇਸ ਨੂੰ ਸੰਗਠਤ ਕਰਨ ਲਈ ਦਿਨ-ਰਾਤ ਇੱਕ ਕਰ ਦਿੱਤਾ ਸੀ। ਅਸਲ ਵਿੱਚ ਉਹ ਭਾਰਤ ਮਾਤਾ ਸੋਸਾਇਟੀ ਦੇ ਪ੍ਰਚਾਰ ਮੰਤਰੀ ਸੀ।... ਇਹ ਇੱਕ ਪਰਮਾਨਿਤ ਸੱਚਾਈ ਹੈ ਕਿ ਉਹ ਪ੍ਰਚਾਰ ਕਲਾ ਦੇ ਆਚਾਰੀਆ ਸਨ। ਕੰਨ ਤੋਂ ਕੰਨ ਤੱਕ ਗੱਲ ਪੁਚਾਉਣੀ ਤਾਂ ਉਹ ਜਾਣਦੇ ਹੀ ਸਨ; ਅਤੇ ਉਰਦੂ ਦੀ ਪੱਤਰਕਾਰੀ ਵਿਚ ਖੁਲ੍ਹੀਆਂ ਚਿੱਠੀਆਂ ਦਾ ਪ੍ਰਕਾਸ਼ਨ ਉਹਨਾਂ ਦੀ ਹੀ ਦੇਣ ਹੈ। ਉਹਨਾਂ ਦੀਆਂ ਚਿੱਠੀਆਂ ਵਿਚ ਕਰਾਰਾਪਣ ਹੁੰਦਾ ਸੀ ਜੋ ਪਾਠਕਾਂ ਨੂੰ ਕੀਲ ਲੈਂਦਾ ਸੀ, ਪਰੰਤੂ ਭਾਸ਼ਾ ਦੀ ਅਜੇਹੀ ਕਾਰੀਗਰੀ ਵੀ ਹੁੰਦੀ ਹੈ ਕਿ ਹਾਕਮ ਪੜ੍ਹ ਕੇ ਤੈਸ਼ ਵਿੱਚ ਆ ਜਾਂਦੇ ਸਨ, ਪਰ ਕਾਨੂੰਨ ਦੀ ਪਕੜ ਵਿੱਚ ਉਹਨਾਂ ਨੂੰ ਜਾਂ ਸੰਪਾਦਕਾਂ ਨੂੰ ਫਸਾ ਨਹੀਂ ਸਕਦੇ ਸਨ।

"ਅੰਗਰੇਜ਼ ਸਰਕਾਰ ਵੀ ਇਹ ਕਿੱਥੇ ਸਹਿਣ ਵਾਲੀ ਸੀ, ਸਰਦਾਰ ਸਵਰਨ ਸਿੰਘ ਅਤੇ ਉਹਨਾਂ ਦੇ ਸਾਥੀ ਗ੍ਰਿਫਤਾਰ ਕਰ ਲਏ ਗਏ ਤੇ ਮੁਕਦਮੇ ਦੇ ਨਾਟਕ ਤੋਂ ਬਾਅਦ 20 ਜੁਲਾਈ 1907 ਨੂੰ ਸਰਵਸ਼੍ਰੀ ਸਵਰਨ ਸਿੰਘ, ਕਰਤਾਰ ਸਿੰਘ, ਬਹਾਲੀ ਰਾਮ, ਰਾਮ ਸਿੰਘ, ਘਸੀਟਾ ਰਾਮ ਅਤੇ ਗੋਵਰਧਨ ਦਾਸ ਨੂੰ ਡੇਢ ਸਾਲ ਦੀ, ਲਾਲਾ ਲਾਲ ਚੰਦ 'ਫਲਕ' ਨੂੰ 9 ਮਹੀਨੇ ਦੀ ਤੇ ਗੰਧਰਵਸੈਨ ਨੂੰ 30 ਬੈਂਤਾਂ ਦੀ ਸਜ਼ਾ ਦਿੱਤੀ ਗਈ। ਸਰਦਾਰ ਸਵਰਨ ਸਿੰਘ ਨੂੰ ਲਾਹੌਰ ਦੀ ਬੋਸਟਲ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਉਹਨਾਂ ਨੂੰ ਸਤਾਉਣ ਦਾ ਇੱਕ ਅਜੀਬ ਤਰੀਕਾ ਵਰਤਿਆ ਗਿਆ। ਉਹਨਾਂ ਨੂੰ ਮਹਾਸ਼ਾ ਘਸੀਟਾ ਰਾਮ ਦੇ ਨਾਲ ਹਲਟ ਅੱਗੇ ਬੌਲਦ ਵਾਂਗ ਜੋੜਿਆ ਗਿਆ। ਪਰ ਕਮਾਲ ਇਹ ਸੀ ਕਿ ਉਸ ਹਲਟ ਦੀਆਂ ਸਾਰੀਆਂ ਟਿੰਡਾਂ ਫਟੀਆਂ ਹੋਈਆਂ ਸਨ ਅਤੇ ਪੂਰਾ ਘੁਮਾਉਣ ਤੇ ਵੀ ਇੱਕ ਬੂੰਦ ਪਾਣੀ ਨਹੀਂ ਸੀ ਆਉਂਦਾ, ਜਦੋਂ ਸ: ਸਵਰਨ ਸਿੰਘ ਨੇ ਵੇਖ ਲਿਆ ਤਾਂ ਉਹਨਾਂ ਨੇ ਹਲਟ ਚਲਾਉਣੋਂ ਇੱਕ ਟੁਕ ਇਨਕਾਰ ਕਰ ਦਿੱਤਾ। ਖ਼ੈਰ ਕੁੱਝ ਕੁ ਚਿਰ ਪਿੱਛੋਂ ਉਹਨਾਂ ਨੂੰ ਚੀਫ (ਹਾਈ) ਕੋਰਟ ਨੇ ਜ਼ਮਾਨਤ ਤੇ ਰਿਹਾ ਕਰ ਦਿੱਤਾ।

"ਸਰਕਾਰ ਦੀ ਨਿਗ੍ਹਾ ਮੁੱਖ ਤੌਰ ਤੇ ਸ. ਅਜੀਤ ਸਿੰਘ ਤੇ ਸੀ ਅਤੇ ਸਰਕਾਰ ਉਹਨਾਂ ਦੇ ਚਾਰੇ ਪਾਸੇ ਅਪਣਾ ਜਾਲ ਬੁਣ ਰਹੀ ਸੀ। ਉਹ ਚੋਰੀ ਛਿਪੇ ਬਾਹਰ ਚਲੇ ਗਏ, ਤਾਂ ਸ. ਸਵਰਨ ਸਿੰਘ ਉਹਨਾਂ ਦੇ ਸਾਹਮਣੇ ਸਨ, ਪਰ ਉਹ ਕ੍ਰਾਂਤੀ ਦੇ ਪੁੰਜ ਨਹੀਂ ਰਾਜਦੂਤ ਸਨ। ਸਰਕਾਰ ਨੂੰ ਯਕੀਨ ਸੀ ਕਿ ਵਿਦਰੋਹੀ ਗੁਪਤ ਸਾਹਿਤ ਇਸ ਆਦਮੀ ਦੁਆਰਾ ਹੀ ਛਪਵਾਇਆ ਅਤੇ ਪਿੰਡ-ਪਿੰਡ ਪੁਚਾਇਆ ਜਾਂਦਾ ਹੈ ਲੇਕਿਨ ਪੁਲੀਸ ਦੇ ਛਾਪੇ ਵਿੱਚ ਜੋ ਕੁਝ ਮਿਲਿਆ ਉਸ ਵਿੱਚੋਂ ਸ. ਸਵਰਨ ਸਿੰਘ ਵਿਰੁੱਧ ਕੁੱਝ ਨਹੀਂ ਸੀ ਮਿਲਦਾ। ਸਰਕਾਰ ਉਹਨਾਂ ਨੂੰ ਹੱਥ ਕਿਵੇਂ ਪਾਉਂਦੀ। ਕਾਨੂੰਨੀ ਮਾਹਿਰ ਜਿਹੜੇ ਮੁਕਦਮੇ ਬਨਾਉਣ ਵਿੱਚ ਨਿਪੁੰਨ ਸਨ, ਉਹਨਾਂ ਦੀ ਸਲਾਹ ਤੇ ਸਰਦਾਰ ਸਵਰਨ ਸਿੰਘ ਤੇ ਉਹਨਾਂ ਦੇ ਸਾਥੀ ਲਾਲਾ ਲਾਲ ਚੰਦ ਫਲਕ ਤੇ ਕਈ ਮੁਕਦਮੇ ਇਕੋ ਸਮੇਂ ਇਸ ਲਈ ਚਲਾਏ ਗਏ ਕਿ ਕਿਸੇ ਨਾ ਕਿਸੇ ਵਿਚ ਤਾਂ ਸਜ਼ਾ ਹੋ ਹੀ ਜਾਏਗੀ।"

ਪਰ ਫਿਰ ਵੀ ਪੰਜਾਬ ਸਰਕਾਰ ਭੰਬਲਭੂਸੇ ਵਿਚ ਘਿਰੀ ਹੋਈ ਸੀ, ਜਿਵੇਂ ਕਿ ਪੰਜਾਬ ਚੀਫ਼ ਸੈਕਟਰੀ ਦੀ ਹਿੰਦ ਸਰਕਾਰ ਦੇ ਸੈਕਟਰੀ ਨੂੰ 28 ਮਈ 1909 ਦੀ ਚਿੱਠੀ ਵਿਚ ਦਰਜ ਹੈ – ਪਹਿਲੀ ਵੱਡੀ ਸਮੱਸਿਆ ਸਰਕਾਰ

ਲਈ ਇਹ ਸੀ ਕਿ 1907 ਵਾਲੀ ਲਹਿਰ ਦੀ ਕਾਮਯਾਬੀ ਦਾ ਸਿਹਰਾ ਪੰਜਾਬੀਆਂ ਨੇ ਇਹਨਾਂ ਭਰਾਵਾਂ ਸਿਰ ਬੰਨ੍ਹਿਆ ਸੀ, ਤੇ ਲੋਕਾਂ ਦਾ ਇਹਨਾਂ ਦੇ ਫੜੇ ਜਾਣ ਤੇ ਤੈਸ਼ ਵਿੱਚ ਆ ਜਾਣ ਦਾ ਡਰ ਸੀ।

ਸ. ਸਵਰਨ ਸਿੰਘ ਉੱਪਰ ਦੋ ਕਿਤਾਬਾਂ 'ਬੰਦਰ ਬਾਟ' ਤੇ 'ਪਾੜੋ ਤੇ ਫਤਿਹ ਕਰੋ' ਦੇ ਪ੍ਰਕਾਸ਼ਨ ਦਾ ਦੋਸ਼ ਸੀ।

ਕਾਨੂੰਨੀ ਮਾਹਿਰਾਂ ਅਨੁਸਾਰ ਚੂੰਕਿ ਇਹ ਕਿਤਾਬਾਂ ਸਾਰੇ ਹਿੰਦੋਸਤਾਨ ਵਿੱਚ ਵੰਡੀਆਂ ਗਈਆਂ ਹਨ ਤਾਂ ਫਿਰ ਕਿਉਂ ਨਾ ਕਿਸੇ ਬੰਬਈ ਵਰਗੇ ਸੂਬੇ ਵਿਚ ਇਹਨਾਂ ਤੇ ਮੁਕਦਮਾ ਚਲਾਇਆ ਜਾਏ ਤਾਂਕਿ ਪੰਜਾਬ ਵਿਚ ਉਹਦਾ ਕੋਈ ਮਾੜਾ ਪ੍ਰਭਾਵ ਨਾ ਪਵੇ। ਪਰ ਫਿਰ ਵੀ ਮੁਕਦਮਾ ਐਨੇ ਠੋਸ ਆਧਾਰ ਤੇ ਹੀ ਚਲਾਇਆ ਜਾਏ ਕਿ ਬਰੀ ਹੋਣ ਦੀ ਕੋਈ ਗੁੰਜਾਇਸ਼ ਨਾ ਹੋਵੇ।

ਵੀਰੇਂਦਰ ਅਨੁਸਾਰ, "ਸ. ਸਵਰਨ ਸਿੰਘ ਨੂੰ ਡੇਢ ਸਾਲ ਦੀ ਸਜ਼ਾ ਦਿੱਤੀ ਗਈ। ਉਹਨਾਂ ਲਈ ਤਾਂ ਇਹ ਕੋਈ ਨਵੀਂ ਗੱਲ ਨਹੀਂ ਸੀ, ਪਰ ਉਹ ਸ੍ਰੀਮਤੀ ਹੁਕਮ ਕੌਰ ਲਈ ਫ਼ਿਕਰਮੰਦ ਸਨ, ਜੋ ਹੁੰਨੇ ਜਿਹ ਉਹਨਾਂ ਦੀ ਜੀਵਨ ਸਾਥਣ ਬਣਾ ਦਿੱਤੀ ਗਈ ਸੀ।... ਜਦੋਂ ਜੇਲ੍ਹ ਲੈ ਜਾਣ ਲਈ ਉਹਨਾਂ ਨੂੰ ਹੱਥਕੜੀਆਂ ਲਾਈਆਂ ਗਈਆਂ ਤਾਂ ਉਹਨਾਂ ਨੂੰ ਹੁਕਮ ਕੌਰ ਦੀਆਂ ਚੂੜੀਆਂ ਛਣਕਦੀਆਂ ਸੁਣਾਈ ਦਿੱਤੀਆਂ ਅਤੇ ਬਿਜਲੀ ਵਰਗੀ ਲਹਿਰ ਉਹਨਾਂ ਦੀਆਂ ਨਸਾਂ ਵਿੱਚ ਦੌੜ ਗਈ। ਸ਼੍ਰੀਮਤੀ ਵੀ ਇੱਕ ਸੁਹਿਰਦ ਮਨੁੱਖ ਸਨ, ਸੇਵਾ ਭਾਵਨਾ ਵਾਲੇ ਅਤੇ ਦੁਖ-ਸੁੱਖ ਵਿੱਚ ਕੰਮ ਆਉਣ ਵਾਲੇ ਸਾਥੀ ਵੀ। ਪਰ ਉਹ ਉਹਨਾਂ ਦੀ ਕੋਈ ਸੇਵਾ ਨਹੀਂ ਕਰ ਸਕਦੇ ਸਨ ਜੋ ਸਿਰਫ਼ ਉਹਨਾਂ ਦਾ ਸੀ ਅਤੇ ਜੋ ਇਸ ਲਈ ਆਪਣੇ ਅਰਮਾਨਾਂ ਦੀ ਚਿਤਾ ਤੇ ਜੀਉਂਦੇ ਜੀ ਚਲਣ ਤੇ ਮਜਬੂਰ ਸੀ ਕਿ ਉਹ ਉਹਨਾਂ ਦੀ ਪਤਨੀ ਹੈ। ਸ. ਸਵਰਨ ਸਿੰਘ ਨੂੰ ਵਿਦਰੋਹੀ ਹੁੰਦੇ ਹੋਏ ਵੀ ਉਹਨਾਂ ਸੁਪਨਿਆਂ ਦਾ ਅਹਿਸਾਸ ਸੀ ਜ ਹੁਕਮ ਕੌਰ ਨੇ ਬਚਪਨ ਤੋਂ ਲੈਕੇ ਵਿਆਹ ਤੱਕ ਸੰਜੋਏ ਹੋਣਗੇ, ਪਰ ਉਹਨਾਂ ਦੀਆਂ ਆਪਣੀਆਂ ਅੱਖਾਂ ਵਿੱਚ ਵੱਡੇਰਾ ਸੁਪਨਾ ਛਾ ਗਿਆ ਸੀ ਜੋ ਬਾਕੀ ਸਾਰੇ ਸੁਪਨਿਆਂ ਤੇ ਹਾਵੀ ਰਹਿੰਦਾ ਸੀ।"

ਜੇਲ੍ਹ ਵਿੱਚ ਉਹਨਾਂ ਨੂੰ ਲਗਾਤਾਰ ਇਕਾਂਤ (ਹਨੇਰੀ ਕੋਠੜੀ) ਵਿਚ ਰੱਖਿਆ ਗਿਆ, ਚੱਕੀ ਤੇ ਕੋਹਲੂ ਵਰਗੀ ਅਣਮਨੁੱਖੀ ਮੁਸ਼ੱਕਤ ਕਰਾਈ ਗਈ, ਉੱਤੋਂ ਘੱਟ ਖੁਰਾਕ ਨੇ ਰਹੀ ਸਹੀ ਕਸਰ ਪੂਰੀ ਕਰ ਦਿੱਤੀ। ਜਦੋਂ ਪਤਾ ਲੱਗਾ ਕਿ ਤਪਦਿਕ ਦੀ ਬੀਮਾਰੀ ਲਾਇਲਾਜ ਸਟੇਜ ਤੇ ਪਹੁੰਚ ਚੁਕੀ ਹੈ ਤਾਂ ਆਪ ਨੂੰ ਰਿਹਾ ਕਰ ਦਿੱਤਾ ਗਿਆ।

ਵੀਰੇਂਦਰ ਅਨੁਸਾਰ, "ਜੋ ਜੇਲ੍ਹ ਵਿੱਚ ਹੋਣਾ ਸੀ ਉਹ ਘਰ ਵਿਚ ਹੋ ਗਿਆ। ਸਰਕਾਰ ਆਪਣਾ ਕੰਮ ਕਰ ਚੁਕੀ ਸੀ, ਮੌਤ ਆਪਣਾ ਕੰਮ ਕਰ ਰਹੀ ਸੀ ਅਤੇ ਸਰਦਾਰ ਸਵਰਨ ਸਿੰਘ? ਉਹ ਵੀ ਆਪਣਾ ਕੰਮ ਕਰ ਚੁਕੇ ਸਨ। ਉਹਨਾਂ ਨੇ ਸਰਕਾਰ ਦੇ ਕੰਮ ਵਿੱਚ ਅੜਚਣ ਨਹੀਂ ਪਾਈ ਸੀ ਅਤੇ ਉਹ ਮੌਤ ਦੇ ਕੰਮ ਵਿਚ ਵੀ ਅੜਚਣ ਨਹੀਂ ਪਾ ਰਹੇ ਸਨ। ਮੌਤ ਪ੍ਰਤੀ ਉਹ ਨਿਸਚਿੰਤ ਸਨ। ਠੀਕ ਵੀ ਹੈ ਜਿਹੜਾ ਇਹ ਸੋਚ ਸਮਝ ਕੇ ਫਾਂਸੀ ਦੇ ਰਾਹ ਤੇ ਚਲ ਰਿਹਾ ਹੋਵੇ ਕਿ ਇੱਕ ਝਟਕਾ ਲੱਗਿਆ ਤੇ ਸਭ ਕੁਝ ਖਤਮ ਹੋ ਜਾਏਗਾ ਉਹ ਹੌਲੀ-ਹੌਲੀ ਆ ਰਹੀ ਮੌਤ ਦੇ ਪੈਰਾਂ ਦੀ ਆਵਾਜ਼ ਤੋਂ ਕਿਉਂ ਘਬਰਾਏਗਾ?

"ਲਗਭਗ ਡੇਢ ਸਾਲ ਉਹ ਜੇਲ੍ਹ ਦੀਆਂ ਸੀਖਾਂ ਵਿੱਚੋਂ ਮੁਕਤ ਹੋਕੇ ਮੰਜੇ ਤੇ ਪਏ ਰਹੇ ਅਤੇ 1910 ਵਿਚ 23 ਸਾਲ ਦੀ ਭਰੀ ਜਵਾਨੀ ਵਿਚ ਦੇਸ਼ ਅਨੁਰਾਗੀ ਤੇ ਗ੍ਰਿਹਸਤ ਵੈਰਾਗੀ ਦਾ ਧਰਮ ਪਾਲਦਿਆਂ ਉਹ ਸਦਾ ਦੀ ਨੀਂਦ ਸੌਂ ਗਏ।"

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109

ਈਮੇਲ: mjswaraich29@gmail.com

ਫੋਨ: 0172-2556314

---